# BC Hands & Voices

*"What works for your child is what makes the choice right."™*

BC HANDS & VOICES™

BC Hands & Voices is a parent-driven, non-profit organization dedicated to supporting families with children who are deaf or hard of hearing.



## Getting Ready for Kindergarten – Navigating Your Options

By Lee Johnston

## ਕਿੰਡਰਗਾਰਟਨ ਲਈ ਤਿਆਰੀ – ਆਪਣੀਆਂ ਚੋਣਾਂ ਦੀ ਪਰਖ

ਲੀਅ ਜੌਹਨਸਨ

ਕਿੰਡਰਗਾਰਟਨ ਵਿੱਚ ਦਾਖਲਾ ਕਿਸੇ ਵੀ ਹਾਲਤ ਵਿੱਚ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਜਾਂ ਸਰਪ੍ਰਸਤਾਂ (ਗਾਰਡੀਅਨ) ਲਈ ਉਤਸ਼ਾਹ ਭਰਿਆ ਅਤੇ ਚਿੰਤਾਜਨਕ ਹੋ ਸਕਦਾ ਹੈ। ਪਰ ਇਕ ਬੋਲ਼ੇ ਡੀ (D) ਅਤੇ ਉੱਚੀ ਸੁਣਨ ਵਾਲੇ ਬੱਚੇ ਡੀ ਐੱਚ ਐੱਚ (DHH) ਲਈ ਕਿੰਡਰਗਾਰਟਨ ਵਿੱਚ ਦਾਖਲੇ ਸਮੇਂ ਆਪਣੀਆਂ ਹੀ ਕੁਝ ਵਿਸ਼ੇਸ਼ ਜ਼ਰੂਰਤਾਂ ਜਾਂ ਚਿੰਤਾਵਾਂ ਹੁੰਦੀਆਂ ਹਨ। ਮੇਰੇ ਅਤੇ ਮੇਰੇ ਜੀਵਨ ਸਾਥੀ ਲਈ ਕਿੰਡਰਗਾਰਟਨ ਬਾਰੇ ਅਤੇ ਫੇਰ ਉਸ ਤੋਂ ਬਾਅਦ ਦੇ ਪੜ੍ਹਾਈ ਦੇ ਸਾਲਾਂ ਬਾਰੇ ਸੋਚਣਾ ਬਹੁਤ ਤਣਾਅ-ਭਰਪੂਰ ਅਮਲ ਸੀ। ਇਸ ਤਣਾਅ ਦਾ ਮੁੱਖ ਕਾਰਨ ਸੀ ਕਿ ਅਸੀਂ ਸਾਰੀਆਂ ਚੋਣਾਂ ਬਾਰੇ ਵਿਚਾਰ ਕਰਨੇ ਨੂੰ ਤਿਆਰ ਸਾਂ ਜਿਵੇਂ ਕਿ ਸਾਡਾ ਸਥਾਨਕ ਮੁੱਖ ਧਾਰਾ ਵਾਲਾ (ਮੇਨ ਸਟਰੀਮ) ਸਕੂਲ, ਬੀ ਸੀ ਦਾ ਬੋਲ਼ਿਆਂ ਵਾਸਤੇ ਸਕੂਲ (ਬੀ ਸੀ ਸਕੂਲ ਫਾਰ ਦਾ ਡੈੱਫ), ਬੱਚਿਆਂ ਦਾ ਸੁਣਨ ਅਤੇ ਬੋਲਣ ਵਾਲੇ ਕੇਂਦਰ (ਚਿਲਡਰਨ'ਸ ਹੀਰਿੰਗ ਐਂਡ ਸਪੀਚ ਸੈਂਟਰ) ਦਾ ਪ੍ਰਾਇਮਰੀ ਸਕੂਲ, ਅਤੇ ਹੋਰ ਵੀ ਕਈ। ਸਾਨੂੰ ਇਸ ਗੱਲ ਦਾ ਵੀ ਅਹਿਸਾਸ ਸੀ ਕਿ ਵੱਖਰੀਆਂ ਵੱਖਰੀਆਂ ਚੋਣਾਂ ਬਾਰੇ ਵਿਚਾਰ ਕਰਨ ਯੋਗ ਹੋਣਾ ਆਪਣੇ ਆਪ ਵਿੱਚ ਇਕ ਵਿਸ਼ੇਸ਼ ਅਧਿਕਾਰ ਦੇ ਹੱਕਦਾਰ (ਪਰਿਵਿਲਿਜਡ ਪੋਜ਼ੀਸ਼ਨ) ਹੋਣਾ ਹੈ, ਗੱਲ ਇਹ ਹੈ ਕਿ ਅਸੀਂ ਲੋਅਰ ਮੇਨਲੈਂਡ ਵਿੱਚ ਸਭ ਕੁਝ ਦੇ ਕੇਂਦਰ ਵਿੱਚ ਹੋਣ ਕਰਕੇ ਕਿਸੇ ਕਿਸਮ ਦੀ ਭੂਗੋਲਿਕ ਦੂਰੀ ਸਾਡੇ ਲਈ ਕੋਈ ਸਮੱਸਿਆ ਨਹੀਂ ਸੀ। ਫੇਰ ਵੀ ਸਾਡੇ ਲਈ ਆਪਣਾ ਫੈਸਲਾ ਕਰਨ ਲਈ ਸਾਨੂੰ ਕਾਫੀ ਮਿਹਨਤ ਕਰਨੀ ਪਈ ਜੋ ਕਿ ਕਾਫੀ ਤਣਾਅ-ਭਰਪੂਰ ਸੀ। ਇਸ ਲੇਖ ਵਿੱਚ ਮੈਂ ਉਨ੍ਹਾਂ ਕੁਝ ਸਬਕਾਂ ਬਾਰੇ ਵਿਚਾਰ ਕਰਾਂਗੀ ਜੋ ਅਸੀਂ ਇਸ ਅਮਲ ਵਿੱਚ ਸਿੱਖੇ ਅਤੇ ਕੁਝ ਉਨ੍ਹਾਂ ਸੋਮਿਆਂ ਬਾਰੇ ਵੀ ਵਿਚਾਰ ਕਰਾਂਗੀ ਜਿਨ੍ਹਾਂ ਤੋਂ ਸਾਨੂੰ ਆਪਣਾ ਫੈਸਲਾ ਕਰਨ ਲਈ ਲੋੜੀਂਦੀ ਜਾਣਕਾਰੀ ਮਿਲੀ। ਮੈਨੂੰ ਆਸ ਹੈ ਕਿ ਇਹ ਤੁਹਾਡੇ ਲਈ ਜੋ ਇਸ ਵੇਲੇ ਕਿੰਡਰਗਾਰਟਨ ਅਤੇ ਉਸ ਤੋਂ ਬਾਅਦ ਦੇ ਸਮੇਂ ਬਾਰੇ ਸੋਚ ਰਹੇ ਹੋ, ਮੱਦਦਗਾਰ ਹੋਵੇਗੀ।

### ਡੀ ਐੱਚ ਐੱਚ (DHH) ਭਾਈਚਾਰੇ ਨਾਲ ਸਬੰਧ ਜੋੜੋ (ਅਤੇ ਜੋੜੀ ਰੱਖੋ)

ਅਸੀਂ ਅਕਸਰ ਬੱਚਿਆਂ ਵਾਸਤੇ ਇਤਫਾਕੀਆਂ ਸਿੱਖਿਆ ਦੀ ਮਹੱਤਤਾ ਬਾਰੇ ਗੱਲ ਕਰਦੇ ਹਾਂ – ਉਹ ਸਿੱਖਿਆ ਜੋ ਚੇਤਨ ਤੌਰ 'ਤੇ ਬੱਚਿਆਂ ਲਈ ਤਿਆਰ ਨਾ ਕੀਤੀ ਗਈ ਹੋਵੇ ਅਤੇ



ਜੋ ਬੱਚੇ ਆਪਣੇ ਆਲੇ ਦੁਆਲੇ ਵਿੱਚੋ ਸੁਣ ਕੇ ਖੁਦ ਹੀ ਗ੍ਰਹਿਣ ਕਰਦੇ ਹਨ। ਮੈਂ ਮੰਨਦੀ ਹਾਂ ਕਿ ਇਕ ਹੋਰ ਕਿਸਮ ਦੀ ਜ਼ਰੂਰੀ ਇਤਫਾਕੀਆਂ ਸਿੱਖਿਆ ਸੁਣਨ ਵਾਲੇ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਉਸ ਵੇਲੇ ਮਿਲਦੀ ਹੈ ਜਦੋਂ ਉਹ ਦੂਜੇ ਡੀ ਐੱਚ ਐੱਚ (DHH) ਪਰਿਵਾਰਾਂ ਨਾਲ ਸਮਾਂ ਬਿਤਾਉਂਦੇ ਹਨ। ਇਹ ਸਿੱਖਿਆ ਸਾਨੂੰ ਦੁਨੀਆ ਵਿੱਚ ਬੋਲ਼ੇ (D) ਅਤੇ ਉੱਚਾ ਸੁਣਨ ਵਾਲਿਆਂ ਦੀਆਂ ਵੱਖਰੀਆਂ ਵੱਖਰੀਆਂ ਸਥਿਤੀਆਂ ਬਾਰੇ ਜਾਨਣ ਵਿੱਚ ਮਦਦ ਕਰਦੀ ਹੈ। ਤੁਸੀਂ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਵਲੋਂ ਜਾਂ ਮਾਪਿਆਂ ਦੀ ਸਹਾਇਤਾ ਵਾਲੀਆਂ ਜਥੇਬੰਦੀਆਂ ਵਲੋਂ ਕੀਤੀਆਂ ਜਾਂਦੀਆਂ ਸਥਾਨਕ ਸਰਗਰਮੀਆਂ ਵਿੱਚ ਹਿੱਸਾ ਲੈ ਕੇ ਜਾਂ ਫੇਸਬੁੱਕ ਵਿੱਚਲੇ ਗਰੁੱਪਾਂ ਵਿੱਚ ਸ਼ਾਮਲ ਹੋ ਕੇ ਅਤੇ ਦੂਜੇ ਮਾਪਿਆਂ ਅਤੇ ਡੀ ਐੱਚ ਐੱਚ (DHH) ਬਾਲਗਾਂ ਨਾਲ ਸਬੰਧ ਕਾਇਮ ਕਰਕੇ ਹੋਰ ਮਾਪਿਆਂ ਅਤੇ ਉਨ੍ਹਾਂ ਦੇ ਬੱਚਿਆਂ ਕੋਲੋਂ ਬਹੁਤ ਕੁਝ ਸਿੱਖ ਸਕਦੇ।

### ਇਕ ਡੀ ਐੱਚ ਐੱਚ (DHH) ਵਿਦਿਆਰਥੀ ਦੇ ਤਜਰਬੇ ਬਾਰੇ ਇਕ ਡੀ ਐੱਚ ਐੱਚ (DHH) ਵਿਅਕਤੀ ਨਾਲੋਂ ਹੋਰ ਕੋਈ ਵੀ ਬੇਹਤਰ ਗੱਲ ਨਹੀਂ ਕਰ ਸਕਦਾ।

ਜਿਵੇਂ ਕਿ ਮੈਂ ਹੁਣੇ ਹੀ ਦੱਸਿਆ ਹੈ, ਮਾਪੇ ਇਕ ਬਹੁਤ ਵਧੀਆ ਸੋਮਾ ਹਨ ਅਤੇ ਅਸੀਂ ਉਨ੍ਹਾਂ ਵਿਚੋਂ ਕਾਫੀ ਲੋਕਾਂ ਨਾਲ ਗੱਲ ਕੀਤੀ ਹੈ। ਪਰ ਕੋਈ ਵੀ ਡੀ ਐੱਚ ਐੱਚ (DHH) ਵਜੋਂ ਸਕੂਲ ਜਾਣ

We acknowledge the financial support of the Province of British Columbia.

ਅਸੀਂ ਬ੍ਰਿਟਿਸ਼ ਕੋਲ਼ੰਬੀਆ ਸੂਬੇ ਵਲੋਂ ਮਿਲ਼ੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।

# BC Hands & Voices

## Getting Ready for Kindergarten – Navigating Your Options

**By Lee Johnston**

(ਅਤੇ ਜੀਵਨ) ਦੇ ਤਜਰਬੇ ਬਾਰੇ ਇਕ ਡੀ ਐੱਚ ਐੱਚ (DHH) ਵਿਅਕਤੀ ਨਾਲੋਂ ਬੇਹਤਰ ਨਹੀਂ ਦੱਸ ਸਕਦਾ। ਨੌਜਵਾਨ ਬਾਲਗ ਵਿਸ਼ੇਸ਼ ਕਰਕੇ ਮੱਦਦਗਾਰ ਸੋਮਾ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਹਾਲ ਵਿੱਚ ਹੀ ਸਕੂਲ ਛੱਡਿਆ ਹੁੰਦਾ ਹੈ ਅਤੇ ਆਪਣੇ ਤਜਰਬੇ ਬਾਰੇ ਕੁਝ ਸੋਚਣ ਵਿਚਾਰਨ ਦਾ ਵਕਤ ਵੀ ਮਿਲ ਗਿਆ ਹੁੰਦਾ ਹੈ। ਅਤੇ ਉਨ੍ਹਾਂ ਦਾ ਹਰ ਕਿਸਮ ਦੀਆਂ ਸਥਿਤੀਆਂ ਵਿੱਚ ਕਾਫੀ ਵੱਖਰੀ ਵੱਖਰੀ ਕਿਸਮ ਦਾ ਤਜਰਬਾ ਹੋਇਆ ਹੁੰਦਾ ਹੈ – ਹਾਂ-ਪੱਖੀ ਵੀ ਤੇ ਨਾਂਹ-ਪੱਖੀ ਵੀ – ਅਤੇ ਸਮੇਂ ਨਾਲ ਅਕਸਰ ਉਹ ਆਪਣੀ ਤਰ੍ਹਾਂ ਦੀ ਬੋਲੀ ਅਤੇ ਸਵੈ-ਪਛਾਣ ਦੀ ਚੋਣ ਵੀ ਕਰ ਚੁੱਕੇ ਹੁੰਦੇ ਹਨ। ਡੀ ਐੱਚ ਐੱਚ ਜਵਾਨ (DHH) ਬਾਲਗਾਂ ਦੇ ਵੱਖਰੇ ਵੱਖਰੇ ਤਜਰਬਿਆਂ ਤੱਕ ਪਹੁੰਚ ਕਰਨ ਲਈ ਕਈ ਵੱਖਰੇ ਵੱਖਰੇ ਤਰੀਕੇ ਹਨ – ਸਥਾਨਕ ਦਖਲ ਦੇਣ ਵਾਲੇ ਪ੍ਰੋਗਰਾਮ (ਇੰਟਰਵੈਨਸ਼ਨ ਪ੍ਰੋਗਰਾਮ) ਪੈਨਲ ਵਿਚਾਰ ਵਟਾਂਦਰਾ ਪੇਸ਼ ਕਰਦੇ ਹਨ, ਬੀ ਸੀ ਹੈਂਡਸ ਐਂਡ ਵੋਆਇਸਸ ਵਲੋਂ ਬੋਲ਼ੇ ਅਤੇ ਉੱਚਾ ਸੁਣਨ ਵਾਲੇ ਬਾਲਗਾਂ ਨਾਲ ਗੱਲਬਾਤ ਲਈ ਆਨਲਾਈਨ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ ਤਾਂ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਤਜਰਬਿਆਂ ਬਾਰੇ ਪੁੱਛਿਆ ਜਾ ਸਕੇ ਅਤੇ ਮਾਪਿਆਂ ਲਈ ਜੇ ਚਾਹੁਣ ਤਾਂ ਕਈ ਕਿਤਾਬਾਂ ਅਤੇ ਆਨਲਾਈਨ ਸੋਮੇ ਵੀ ਉਪਲੱਬਧ ਹਨ।

### ਇਹ ਫੈਸਲਾ ਸ਼ਾਇਦ ਸਥਾਈ ਨਾ ਹੋਵੇ ਅਤੇ ਇਹ ਕਈਆਂ ਫੈਸਲਿਆਂ ਵਿੱਚੋਂ ਪਹਿਲਾ ਹੋਵੇਗਾ

ਸੱਭ ਤੋਂ ਵੱਧ ਕੰਮ ਆਉਣ ਵਾਲੀ ਗੱਲ ਜਿਹਦੇ ਵੱਲ ਇਕ ਮਾਪੇ ਨੇ ਸਾਡਾ ਧਿਆਨ ਦੁਆਇਆ ਉਹ ਸੀ ਕਿ ਅਸੀਂ ਜਿਹੜਾ ਇਸ ਫੈਸਲੇ ਉੱਪਰ ਏਨਾ ਜ਼ੋਰ ਦੇ ਰਹੇ ਸਾਂ, ਸਾਨੂੰ ਹਰ ਸਾਲ ਹੀ ਇਸ ਸਬੰਧੀ ਪੂਰੀ ਮਿਹਨਤ ਕਰਨੀ ਪਵੇਗੀ – ਆਪਣੀ ਬੇਟੀ ਦੀ ਪੜ੍ਹਾਈ ਦੀ ਸਥਿਤੀ ਬਾਰੇ ਛਾਣਬੀਣ ਕਰਨੀ ਪਵੇਗੀ, ਨਵੇਂ ਅਧਿਆਪਕਾਂ ਨੂੰ ਉਸ ਦੀ ਸੁਣ ਸਕਣ ਦੀ ਕਮੀ ਬਾਰੇ ਅਤੇ ਉਸ ਅਨੁਸਾਰ ਲੋੜੀਂਦੀਆਂ ਗੱਲਾਂ ਲਈ ਸਿਖਾਉਣਾ ਪਵੇਗਾ (ਖਾਸ ਕਰ ਮੇਨ ਸਟਰੀਮ ਵਿੱਚਲੇ ਅਧਿਆਪਕਾਂ ਨੂੰ) ਨਾਲ ਹੀ ਸਾਨੂੰ ਆਪਣੀ ਬੇਟੀ ਨਾਲ ਵੀ ਗੱਲ ਕਰਨੀ ਪਵੇਗੀ ਕਿ ਇਹ ਸਥਿਤੀਆਂ ਉਸ ਲਈ ਪੂਰੀ ਤਰ੍ਹਾਂ ਠੀਕ ਵੀ ਹਨ ਅਤੇ ਉਸ ਕੋਲ ਹੋਰ ਕੀ ਚੋਣਾਂ ਹਨ। ਇਕ ਤਰ੍ਹਾਂ ਨਾਲ ਇਹ ਸਾਨੂੰ ਕਾਫੀ ਸਹਿਜ ਕਰਨ ਵਾਲੀ ਗੱਲ ਸੀ ਤੇ ਸਾਡੇ ਉੱਪਰੋਂ ਕਾਫੀ ਸਾਰਾ ਦਬਾਅ ਘਟਿਆ।

### ਜਿਹੜੇ ਸਾਰੇ ਸਕੂਲਾਂ ਬਾਰੇ ਤੁਸੀਂ ਵਿਚਾਰ ਕਰ ਰਹੇ ਹੋਵੋ ਉਨ੍ਹਾਂ ਵਿੱਚ ਦਾਖਲੇ ਦੇ ਅਮਲ ਨੂੰ ਸਮਝਣਾ

ਮੈਂ ਦੂਜੇ ਲੋਕਾਂ ਦੇ ਸਮੇਂ ਨੂੰ ਬੇਲੋੜਾ ਜ਼ਾਇਆ ਕਰਨ ਬਾਰੇ ਬਹੁਤ ਫਿਕਰਮੰਦ ਹਾਂ। ਇਸ ਕਰਕੇ, ਮੈਂ ਸੋਚਿਆ ਕਿ ਇਹ ਗੱਲ ਸਹੀ ਹੋਵੇਗੀ ਕਿ ਜੇ ਅਸੀਂ ਇਹ ਫੈਸਲਾ ਕਰ ਲਈਏ ਕਿ ਅਸੀਂ ਪਹਿਲਾਂ ਕਿਹੜੇ ਸਕੂਲ ਵਿੱਚ ਦਾਖਲਾ ਲਵਾਂਗੇ ਅਤੇ ਫੇਰ ਉਸ ਦੇ ਦਾਖਲੇ ਦੇ ਅਮਲ ਬਾਰੇ ਜਾਣਾਂਗੇ। ਸਾਡੇ ਨਾਲ ਦਖਲਅੰਦਾਜ਼ੀ ਰਾਹੀਂ ਸਹਾਇਤਾ ਕਰਨ ਵਾਲੇ ਨੇ ਸਾਨੂੰ ਸੁਲਾਹ ਦਿੱਤੀ ਕਿ ਉਨ੍ਹਾਂ ਦੋ ਸਕੂਲਾਂ ਦੇ ਦਾਖਲੇ ਬਾਰੇ ਪੂਰੀ ਤਰ੍ਹਾਂ ਜਾਣੀਏ ਜਿਹੜੇ ਅਸੀਂ ਬਾਕੀਆਂ ਵਿੱਚੋਂ ਚੁਣੇ ਹਨ – ਸਾਡਾ ਸਥਾਨਕ ਮੁੱਖ ਧਾਰਾ (ਮੇਨਸਟਰੀਮ) ਸਕੂਲ ਅਤੇ ਬੋਲ਼ਿਆਂ ਲਈ ਬੀ ਸੀ ਦਾ ਸਕੂਲ (BCSD)। ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਅਸੀਂ ਇਸ ਤਰ੍ਹਾਂ ਹੀ ਕੀਤਾ ਕਿਉਂਕਿ ਇਸ ਨਾਲ ਸਾਨੂੰ ਸਹੀ ਜਾਣਕਾਰੀ ਮਿਲ ਗਈ ਕਿ ਹਰ ਸਕੂਲ ਅਸਲੀਅਤ ਵਿੱਚ ਬੱਚੇ ਦੀ ਸਹਾਇਤਾ ਵਜੋਂ ਕੀ ਪੇਸ਼ ਕਰ ਸਕਦੇ ਹਨ। ਹਰ ਸਕੂਲ ਦੀਆਂ ਟੀਮਾਂ ਨੂੰ ਮਿਲਣਾ ਵੀ ਕਾਫੀ ਮਦਦਗਾਰ ਹੋ ਸਕਦਾ ਹੈ ਕਿ ਜੇ ਅਸੀਂ (ਜਾਂ ਸਾਡੀ ਬੇਟੀ) ਭਵਿੱਖ ਵਿੱਚ ਰਾਹ ਬਦਲਣ ਬਾਰੇ ਫੈਸਲਾ ਕਰੀਏ ਤਾਂ।

### ਇਸ ਮੀਲ ਪੱਥਰ ਦਾ ਜਸ਼ਨ ਮੰਨਾਉਣਾ ਨਾ ਭੁੱਲਣਾ

ਜਿਸ ਸਕੂਲ ਵਿੱਚ ਅਸੀਂ ਦਾਖਲਾ ਲੈਣ ਬਾਰੇ ਸੋਚ ਰਹੇ ਸੀ ਉਸ ਦੇ ਪ੍ਰਿੰਸੀਪਲ ਨਾਲ ਇਕ ਮਿਲਣੀ ਦੌਰਾਨ ਉਸ ਨੇ ਸਾਨੂੰ ਪੁੱਛਿਆ ਕਿ ਸਾਡੀ ਬੇਟੀ ਕਿੰਡਰਗਾਰਟਨ ਵਿੱਚ ਦਾਖਲ ਹੋਣ ਦੇ ਸਬੰਧ ਵਿੱਚ ਕਿਹੜੀ ਗੱਲ ਬਾਰੇ ਜ਼ਿਆਦਾ ਉਤੇਜਤ ਸੀ ਜਾਂ ਜੋਸ਼ ਦਿਖਾ ਰਹੀ ਸੀ। ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਸਾਨੂੰ ਇਸ ਬਾਰੇ ਪਤਾ ਨਹੀਂ ਸੀ ਕਿਉਂਕਿ ਅਸੀਂ ਉਹਦੇ ਨਾਲ ਗੱਲ ਕਰਨ ਤੋਂ ਟਾਲਦੇ ਰਹੇ ਸਿਵਾਏ ਇਹ ਦੱਸਣ ਦੇ ਕਿ ਕਿਹੜੇ ਦੋ ਸਕੂਲਾਂ ਬਾਰੇ ਅਸੀਂ ਸੋਚ ਰਹੇ ਸਾਂ ਜਿਹੜੇ ਕਿ ਬਿਲਕੁਲ ਵੱਖਰੇ ਹੋਣਗੇ। ਸਾਡੇ ਖਿਆਲ ਵਿੱਚ ਸਕੂਲ ਬਾਰੇ ਫੈਸਲਾ ਕਰਨ ਬਾਅਦ ਉਤੇਜਿਤ ਹੋਣਾ ਮੁਕਾਬਲਤਨ ਸੌਖਾ ਸੀ। ਅਤੇ ਇਹ ਸਮਾਂ ਹੁੰਦਾ ਪੂਰਾ ਉਤੇਜਿਤ ਹੋਣ ਵਾਲਾ ਹੀ ਹੈ।

ਅਖੀਰ ਵਿੱਚ ਅਸੀਂ ਆਪਣੀ ਬੇਟੀ ਨੂੰ ਬੀ ਸੀ ਦੇ ਬੋਲ਼ਿਆਂ ਲਈ ਸਕੂਲ (ਬੀ ਸੀ ਸਕੂਲ ਆਫ ਦਾ ਡੈੱਫ) ਵਿੱਚ ਦਾਖਲ ਕਰਾਉਣ ਦਾ ਫੈਸਲਾ ਕੀਤਾ। ਸਾਨੂੰ ਫਿਕਰ ਸੀ – ਸਾਡੀ ਬੇਟੀ ਦੀ ਪਛਾਣ ਇਕ ਉੱਚਾ ਸੁਣ ਸਕਣ ਵਾਲੇ ਵਜੋਂ ਹੈ ਤੇ ਸਾਡੀ ਮੁੱਖ ਬੋਲਣ ਵਾਲੀ ਬੋਲੀ ਅੰਗ੍ਰੇਜ਼ੀ ਹੈ। ਅਸੀਂ ਅਮਰੀਕਨ ਸਾਈਨ ਲੈਂਗੂਏਜ ਸਿੱਖਣ ਦੀ ਕੋਸ਼ਸ਼ ਕਰ ਰਹੇ ਸਾਂ ਪਰ ਇਹ ਸਾਥੋਂ ਲਗਾਤਾਰਤਾ ਨਾਲ ਨਹੀਂ ਸੀ ਹੋ ਰਿਹਾ। ਪਰ ਅਸੀਂ ਫੈਸਲਾ ਕੀਤਾ ਕਿ ਕਿੰਡਰਗਾਰਟਨ ਇਸ ਨੂੰ ਸਿੱਖਣ ਦੀ ਕੋਸ਼ਸ਼ ਕਰਨ ਦਾ ਵਧੀਆ ਮੌਕਾ ਸੀ ਅਤੇ ਇਸ ਬਾਰੇ ਏਦਾਂ ਸੋਚਿਆ ਕਿ ਇਹ ਫਰੈਂਚ ਇਮਰਸ਼ਨ ਵਾਂਗ ਹੀ ਸੀ। ਕਿਉਂਕਿ ਅਸੀਂ ਸਥਾਨਕ ਡੀ ਐੱਚ ਐੱਚ (DHH) ਭਾਈਚਾਰੇ ਨਾਲ ਜੁੜੇ ਹੋਏ ਸਾਂ ਅਤੇ ਵੱਖ ਵੱਖ ਡੀ ਐੱਚ ਐੱਚ (DHH) ਜਵਾਨ ਬਾਲਗਾਂ ਤੋਂ ਜਾਨਣ ਨਾਲ ਸਾਨੂੰ ਆਪਣੀਆਂ ਚੋਣਾਂ ਬਾਰੇ ਸਮਝਣਾ ਕਾਫੀ ਸੁਖਾਲਾ ਹੋ ਗਿਆ ਸੀ ਅਤੇ ਅਸੀਂ ਉਹ ਫੈਸਲਾ ਕੀਤਾ ਜੋ ਅਸੀਂ ਮਹਿਸੂਸ ਕਰਦੇ ਸਾਂ ਕਿ ਸਾਡੇ ਪਰਿਵਾਰ ਲਈ ਉਸ ਸਮੇਂ ਸਭ ਤੋਂ ਵਧੀਆ ਚੋਣ ਸੀ। ਤਬਦੀਲੀ ਹਮੇਸ਼ਾ ਸੁਖਾਲੀ ਨਹੀਂ ਸੀ ਪਰ – ਇਕ ਪਰਿਵਾਰ ਵਜੋਂ – ਇਹ ਜਾਣਕਾਰੀ ਰੱਖਣਾ ਕਿ ਅਸੀਂ ਆਪਣੀ ਬੇਟੀ ਦੀਆਂ ਲੋੜਾਂ ਅਨੁਸਾਰ ਜਿਵੇਂ ਜਿਵੇਂ ਅਸੀਂ ਅੱਗੇ ਵੱਧ ਰਹੇ ਸਾਂ ਆਪਣਾ ਰਾਹ ਜਾਂ ਨਿਸ਼ਾਨਾ ਬਦਲ ਸਕਦੇ ਸਾਂ, ਇਸ ਨਾਲ ਸਾਨੂੰ ਅਖੀਰ ਵਿੱਚ ਚੰਗਾ ਮਹਿਸੂਸ ਹੋਇਆ। ਸਾਨੂੰ ਇਹ ਦੱਸਣ ਵਿੱਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਾਡੀ ਬੇਟੀ ਹੁਣ ਸਕੂਲ ਨੂੰ ਪਿਆਰ ਕਰਦੀ ਹੈ। ਅਸੀਂ ਆਸ ਕਰਦੇ ਹਾਂ ਕਿ ਤੁਹਾਡੀ ਛੋਟੀ ਬੱਚੀ ਜਾਂ ਬੱਚਾ ਵੀ ਏਸੇ ਤਰ੍ਹਾਂ ਕਰੇਗਾ/ਕਰੇਗੀ।

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।